# ਪੰਜਾਬੀ ਯੂਨੀਵਰਸਿਟੀ, ਪਟਿਆਲਾ

(1961 ਦੇ ਪੰਜਾਬ ਐਕਟ ਨੰ: 35 ਤਹਿਤ ਸਥਾਪਿਤ)

(ਆਡਿਟ-ਸ਼ਾਖਾ)

ਨੰਬਰ.131../ਆਡਿਟ ਸੈਲ
ਮਿਤੀ.07/6/2021

ਵਿਸ਼ਾ: ਜਾਅਲੀ ਬਿਲ ਪਾਸ ਕਰਵਾਉਣ ਸਬੰਧੀ।

ਉਪਰੋਕਤ ਵਿਸ਼ੇ ਦੇ ਸਬੰਧ ਵਿਚ ਆਪ ਜੀ ਦੇ ਧਿਆਨ ਵਿਚ ਲਿਆਇਆ ਜਾਂਦਾ ਹੈ ਕਿ ਮਹੀਨਾ ਅਪ੍ਰੈਲ, 2021 ਦੇ ਸੈਲਰੀ ਬਿਲ ਨਿਗਰਾਨ ਲੇਖਾ-7 ਤੋਂ ਪਾਸ ਹੋਣ ਲਈ ਇੰਟਰਨਲ ਆਡਿਟ ਸੈਲ ਵਿਖੇ ਆਏ ਸਨ ਜਿਨ੍ਹਾਂ ਨੂੰ ਆਡੀਟਰਜ਼ ਵਲੋਂ ਤਾਂ ਪਾਸ ਕਰ ਦਿੱਤਾ ਗਿਆ ਸੀ, ਪਰ ਜਦੋਂ ਇਹ ਸੈਲਰੀ ਬਿਲ ਕੋਆਰਡੀਨੇਟਰ ਇੰਟਰਨਲ ਸੈਲ ਕੋਲ ਭੇਜੇ ਗਏ ਤਾਂ ਉਨ੍ਹਾਂ ਨੂੰ ਕੁਝ ਬਿਲਾਂ ਤੇ ਸ਼ੱਕ ਹੋਣ ਉਪਰੰਤ ਇਹ ਬਿਲ ਰੋਕ ਦਿੱਤੇ ਗਏ ਅਤੇ ਪੇ ਆਰਡਰ ਕੈਂਸਲ ਕਰ ਦਿੱਤੇ ਗਏ। ਇਸ ਉਪਰੰਤ ਨਿਗਰਾਨ ਲੇਖਾ-7 ਦੇ ਡੀਲਿੰਗ ਹੈਂਡ ਨੂੰ ਬੁਲਾ ਕੇ ਪੁੱਛ-ਗਿੱਛ ਕੀਤੀ ਗਈ ਅਤੇ ਈ.ਸੀ.ਆਰ ਮੰਗਵਾਏ ਗਏ। ਜਿਹੜੇ ਜਿਹੜੇ ਬਿਲ ਠੀਕ ਸਨ ਉਹ ਆਡਿਟ ਵਲੋਂ ਪਾਸ ਕਰ ਦਿੱਤੇ ਗਏ ਪਰ ਕੈਮਿਸਟਰੀ ਵਿਭਾਗ ਦੇ 7 ਬਿਲ ਅਜਿਹੇ ਸਨ ਜਿਨ੍ਹਾਂ ਦਾ ਕੋਈ ਵੀ ਰਿਕਾਰਡ ਨਹੀਂ ਦਿਖਾਇਆ ਗਿਆ ਜਿਸ ਕਾਰਨ ਕੋਆਰਡੀਨੇਟਰ ਦਾ ਸ਼ਕ ਹੋਰ ਵੀ ਯਕੀਨ ਵਿਚ ਬਦਲ ਗਿਆ। ਨਿਗਰਾਨ ਲੇਖਾ-7 ਦੇ ਸਬੰਧਿਤ ਕਲਰਕ ਅਤੇ ਸੀਨੀਅਰ ਸਹਾਇਕ ਨੂੰ ਬਾਰ-ਬਾਰ ਅਸਲ ਰਿਕਾਰਡ ਦਿਖਾਉਣ ਲਈ ਕਿਹਾ ਗਿਆ ਪ੍ਰੰਤੂ ਉਨ੍ਹਾਂ ਵਲੋਂ ਕੋਈ ਵੀ ਰਿਕਾਰਡ ਨਹੀਂ ਦਿਖਾਇਆ ਗਿਆ। ਇਸ ਉਪਰੰਤ ਕੋਆਰਡੀਨੇਟਰ ਵਲੋਂ ਨਿੱਜੀ ਤੌਰ ਤੇ ਪੰਜਾਬੀ ਅਤੇ ਕੈਮਿਸਟਰੀ ਵਿਭਾਗ ਪਾਸੋਂ ਵੈਰੀਫਾਈ ਕੀਤਾ ਗਿਆ ਜਿਸ ਵਿਚ ਪੰਜਾਬੀ ਵਿਭਾਗ ਦੇ ਬਿਲ ਤਾਂ ਸਹੀ ਪਾਏ ਗਏ ਪ੍ਰੰਤੂ ਕੈਮਿਸਟਰੀ ਵਿਭਾਗ ਤੋਂ ਵੈਰੀਫਿਕੇਸ਼ਨ ਕਰਨ ਉਪਰੰਤ ਉਨ੍ਹਾਂ ਵਲੋਂ ਦੱਸਿਆ ਗਿਆ ਕਿ ਇਨ੍ਹਾਂ ਨਾਵਾਂ ਦੇ ਕੋਈ ਵੀ ਵਿਦਿਆਰਥੀ ਕੈਮਿਸਟਰੀ ਵਿਭਾਗ ਵਿਖੇ ਨਹੀਂ ਹਨ ਜਿਸ ਤੋਂ ਇਸ ਸਪਸ਼ਟ ਹੋ ਗਿਆ ਕਿ ਇਹ ਬਿਲ ਜਾਅਲੀ ਹਨ ਅਤੇ ਜਿਸ ਸਕੀਮ (DRS-II Special Assistance Programme) ਤਹਿਤ ਇਹ ਸੈਲਰੀ ਬਿਲ ਤਿਆਰ ਕਰਵਾਏ ਜਾ ਰਹੇ ਸਨ ਉਹ ਸਕੀਮ 2019 ਵਿੱਚ ਹੀ ਬੰਦ ਹੋ ਚੁੱਕੀ ਹੈ ਅਤੇ ਇਸ ਦਾ ਵਰਤੋਂ ਸਰਟੀਫਿਕੇਟ ਵੀ ਭੇਜਿਆ ਜਾ ਚੁੱਕਿਆ ਹੈ। ਇਸ ਤੋਂ ਇਲਾਵਾ ਆਪ ਜੀ ਦੇ ਧਿਆਨ ਵਿਚ ਇਹ ਵੀ ਲਿਆਂਦਾ ਜਾਂਦਾ ਹੈ ਕਿ ਬਿਲਾਂ ਦੀ ਸਾਈਨਿੰਗ ਅਥਾਰਟੀ ਜੋ ਕਿ ਪ੍ਰੋਫੈਸਰ ਬਲਜੀਤ ਸਿੰਘ ਜੀ ਹਨ, ਦੇ ਸਾਈਨ ਵੀ ਜਾਅਲੀ ਕੀਤੇ ਹੋਏ ਹਨ ਜੋ ਕਿ ਆਡਿਟ ਵਲੋਂ ਆਪਣੇ ਪੱਧਰ ਤੇ ਸਪਸ਼ਟ ਕੀਤਾ ਜਾ ਚੁਕਿਆ ਹੈ ਅਤੇ ਜਿਸ ਦੀ ਵੈਰੀਫਿਕੇਸ਼ਨ ਆਪ ਜੀ ਵੀ ਆਪਣੇ ਪੱਧਰ ਤੇ ਕਰ ਸਕਦੇ ਹੋ ਜੀ।

7.6.2021

ਇੰਟਰਨਲ ਆਡਿਟ ਸੈਲ ਨੇ ਇਨ੍ਹਾਂ ਬਿਲਾਂ ਦੀ original ਕਾਪੀ ਆਪਣੇ ਕੋਲ ਰੱਖੀ ਹੋਈ ਹੈ ਅਤੇ ਇਸ ਦੀ ਜਾਣਕਾਰੀ ਵਾਈਸ-ਚਾਂਸਲਰ ਸਾਹਿਬ ਨੂੰ ਦੇ ਦਿੱਤੀ ਗਈ ਹੈ।

ਆਡਿਟ ਪ੍ਰੇਖਣ ਕਰਦਾ ਹੈ ਕਿ ਇਸ ਤਰ੍ਹਾਂ ਦੇ ਜਾਅਲੀ ਬਿਲ ਹੋ ਸਕਦਾ ਹੈ ਕਿ ਕਾਫੀ ਸਮੇਂ ਤੋਂ ਵੱਖ-ਵੱਖ ਵਿਭਾਗਾਂ ਦੇ ਨਾਂ ਤੇ ਪਾਸ ਹੁੰਦੇ ਆ ਰਹੇ ਹੋਣ ਅਤੇ ਇਸ ਸੰਭਾਵਨਾ ਤੋਂ ਵੀ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਇਸ ਤਰ੍ਹਾਂ ਦੇ ਜਾਅਲੀ ਬਿਲ ਆਡਿਟ ਵਲੋਂ ਪਹਿਲਾਂ ਵੀ ਪਾਸ ਹੋ ਗਏ ਹੋਣਗੇ ਜਿਨ੍ਹਾਂ ਦੀ ਪੜਤਾਲ ਕਰਵਾਉਣਾ ਅਤਿਅੰਤ ਜ਼ਰੂਰੀ ਹੋ ਜਾਂਦਾ ਹੈ ਤਾਂ ਜੋ ਇਸ ਫਰਾਡ ਦੀ ਡੂੰਘਾਈ ਤੱਕ ਪਹੁੰਚਿਆ ਜਾ ਸਕੇ ਅਤੇ ਹੋਏ ਵਿੱਤੀ ਨੁਕਸਾਨ/ਘਪਲੇ ਦਾ ਮੁਲਾਂਕਣ ਹੋ ਸਕੇ ਜੀ।

7.6.2021

ਕੋਆਰਡੀਨੇਟਰ
ਇੰਟਰਨਲ ਆਡਿਟ ਸੈਲ

ਰਜਿਸਟਰਾਰ